ਬਾਲਕ ਚਰਿੱਤ੍ਰ

—ਃ ਅਰਥਾਤ ਃ—

ਚਰਿੱਤ੍ਰ ਸਿਖਯਾ ਭਾਗ ਪਹਿਲਾ

+ ਲੇਖਕ +

ਭਾਈ ਮੋਹਨ ਸਿੰਘ ਜੀ ਵੈਦ

ਤਰਨ ਤਾਰਨ (ਪੰਜਾਬ)

ਮੈਨੇਜਰ, ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ

ਤਰਨ ਤਾਰਨ (ਪੰਜਾਬ)

ਸਭ ਹੱਕ ਰਾਖਵੇਂ ਹੋਨ ।

ਜਨਨੀ ਜਨਹਿ ਤਉ ਭਗਤ ਜਨ ਕੈ ਦਾਤਾ ਕੈ ਸੂਰ ॥
ਨਹੀ ਤਉ ਜਨਨੀ ਬਾਂਝ ਰਹੁ ਕਾਹਿ ਗਵਾਵਹਿ ਨੂਰ ॥

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰਬਰ ੧੬੭

ਬਾਲਕ ਚਰਿਤ੍ਰ

ਅਰਥਾਤ

ਚਰਿਤ੍ਰ ਸਿਖਜਾ

ਭਾਗ ਪਹਿਲਾ

+ਜਿਸ ਵਿੱਚ+

ਬਾਲਕਾਂ ਨੂੰ ਮਨੁਖ ਜਾਂ ਪਸ਼ੂ ਬਨਾਣ ਅਰਥਾਤ ਬਾਲਕਾਂ ਦਾ ਚਰਿਤ੍ਰ(ਚਲਨ)ਬਨਾਵਣ ਲਈਆਪਣੇਆਪਨੂੰ ਬਨਾਉਣਾ, ਬੁਰਾਤੇਸਾਧਾਰਣ ਵਰਤਾਵ,ਸਜ਼ਾ,ਆਪਣੇ ਆਪ ਤੇ ਭਰੋਸਾ, ਸ਼ਰੀਰ ਰਖਜਾ, ਧਾਰਮਕ ਸਿਖਜਾ, ਦੇਸ਼ ਪ੍ਰੇਮ, ਵਾਦੀਆਂ, ਆਦਿ ਸੰਬੰਧੀ ਸੁਆਦਲੇ ਢੰਗ ਨਾਲ ਦੱਸਿਆ ਗਿਆ ਹੈ ।

+ਲੇਖਕ ਤੇ ਪ੍ਰਕਾਸ਼ਕ+

ਭਾਈ ਮੋਹਨ ਸਿੰਘ ਵੈਦ

ਮਜੂਨਿਸਪਲ ਕਮਿਸ਼ਨਰ ਤਰਨ ਤਾਰਨ (ਪੰਜਾਬ)

"ਗੁਰੂ ਖਾਲਸਾ ਪ੍ਰੈਸ" ਹਾਲ ਬਾਜ਼ਾਰ ਅਮ੍ਰਿਤਸਰ ਵਿਚ ਸ:ਪ੍ਰੀਤਮ ਸਿੰਘ ਮੈਨੇਜਰਤੇਪ੍ਰਿੰਟਰਦੇ ਪ੍ਰਬੰਧ ਹੇਠ ਛਪਿਆ ।

ਪਹਿਲੀ ਵਾਰ ਭੇਟਾ ਅੱਠ ਆਨੇ

ਪੰਜਾਬ ਟੈਕਸਟ ਬੁਕ ਕਮੇਟੀ ਵੱਲੋਂ
ਪੰਜ ਸੌ ਰੁਪਯਾ ਨਕਦ ਇਨਾਮ ਪ੍ਰਾਪਤ
ਅਤਯੰਤ ਸਿਖਜਾਦਾਇਕ ਤੇ ਸਵਾਦਲਾ ਨਾਵਲ

ਸੁਖੀ ਪ੍ਰਵਾਰ

ਇਸ ਵਿਚ ਘਰ ਵਿਚ ਵਸਦੇ ਸਾਰੇ ਪ੍ਰਵਾਰ ਦਾ ਪਿਆਰ, ਯੋਗ ਜੋੜੀ ਜੁੜਨ ਤੇ ਇਕ ਯੋਗ ਘਰਾਣੇ ਦੀ ਵਰਤੋਂ, ਭਲੇ ਪ੍ਰਵਾਰ ਦੇ ਸਮੇਂ ਦੀ ਵੰਡ, ਵੱਸਣ ਯੋਗ ਘਰ (ਮਕਾਨ) ਦੀ ਚੋਣ, ਮਕਾਨ ਦੀ ਵੰਡ, ਪ੍ਰਬੰਧ ਅਰ ਸਾਦੀ ਸਜਾਵਟ ਦੇ ਢੰਗ, ਘਰ ਦੀ ਫੁਲਵਾੜੀ, ਗ੍ਰਿਹ ਦੇਵੀਆਂ ਦੇ ਲਛਣ, ਸਾਰੇ ਕੰਮਾਂ ਦੀ ਵੰਡ ਤੇ ਸਫਲਤਾ ਦੇ ਸਾਧਨ, ਪ੍ਰਾਹੁਣਾਚਾਰੀ, ਗਹਣਿਆਂ ਦੇ ਔਗਣ, ਚੰਗੀ ਸੰਗਤ ਦੇ ਲਾਭ, ਰਸੋਈ ਵਿਦਿਆ, ਸਫਾਈ ਦੇ ਢੰਗ, ਅੰਨ–ਪਾਣੀ ਦੇ ਗੁਣ ਤੇ ਵਰਤਨ ਦੇ ਨੇਮ, ਘਰ ਵਿਚ ਮਠਾਈਆਂ,ਮੁਰੱਬੇ ਆਦਿ ਬਣਾਉਣ ਦੇ ਢੰਗ ਤੇ ਗੁਣ,ਪ੍ਰਸ਼ਾਦ ਛਕਣ ਦਾ ਵੇਲਾ, ਬਜ਼ਾਰੀ ਖੁਰਾਕਾਂ ਦੇ ਦੋਸ਼, ਅਸ਼ਨਾਨ ਦੇ ਢੰਗ ਤੇ ਗੁਣ, ਖਿਆਲਾਂ ਨਾਲ'ਜੇਹਾ ਚਿਤਵੇ ਤੇਹਾ ਹੋਣ ਦੇ ਗੁਣ'ਆਮਦਨ ਖਰਚ ਦਾ ਹਿਸਾਬ ਤੇ ਜੁਗਤ ਦੀ ਵਰਤੋਂ, ਬਾਲਕਾਂ ਦੀ ਸੰਭਾਲ ਤੇ ਸੁਧਾਰਦੇ ਢੰਗ,ਬਾਲਕ ਸੁਧਾਰ ਦੀਆਂ ਸਿਖਿਆਂ, ਪੁਸਤਕਾਂ ਦਾ ਪਿਆਰ ਤੇ ਪੜ੍ਹਨਾ ਕਿਸਤਰਾਂ ਸਫਲ ਹੁੰਦਾ ਹੈ ? ਕਪੜੇ ਪਹਿਰਨ ਸੰਬੰਧੀ ਵਿਚਾਰ, ਰੋਗਾਂ ਤੋਂ ਬਚਾਓ, ਦਾਗ ਧੱਬੇ ਹਟੌਣ ਦੇ ਕਈ ਨੁਸਖੇ ਅਰ ਕਈ ਰੋਗਾਂ ਦੇ ਨਾਸ ਕਰਨ ਦੇ ਸਿੱਧ ਤੇ ਸੁਖਾਲੇ ਟੋਟਕੇ ਇਲਾਜ,ਉਤਸ਼ਾਹ ਦੇ ਸਮਿਆਂ ਦੀ ਵਰਤੋਂ,ਮੇਲ ਮਿਲਾਪ ਦੇ ਢੰਗ ਆਦਿ ਬੜੀ ਹੀ ਸੁਆਦਲੀ ਵਾਰਤਾਨਾਲਨਾਵਲਵਿਚਦਸੇਗਏਹਨਾਭੇਟਾ੧)

ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ ਤਰਨ ਤਾਰਨ [ਪੰਜਾਬ]

ੴ ਵਾਹਿਗੁਰੂ ਜੀ ਕੀ ਫਤਹ ॥

ਮੁਢਲੀ ਬੇਨਤੀ

ਜਿਸਤਰਾਂ ਹਰ ਇਕ ਇਮਾਰਤ ਦੀ ਦ੍ਰਿੜ੍ਹਤਾ ਉਸ ਦੀਆਂ ਨੀਹਾਂ ਤੇ ਥੰਮਿਆਂ ਤੇ ਭਾਟਾਂ ਦੇ ਆਸਰੇ ਰਹਿੰਦੀ ਹੈ, ਇਸੇ ਤਰਾਂ ਹੀ ਹਰ ਦੇਸ਼ ਤੇ ਹਰ ਕੌਮ ਦੀ ਦ੍ਰਿੜ੍ਹਤਾ ਉਸਦੇ ਹੋਣਹਾਰ ਬਾਲਕਾਂ ਤੇ ਹੀ ਹੈ। ਜਿਸ ਭੀ ਦੇਸ਼ ਜਾਂ ਕੌਮ ਨੂੰ ਉੱਨਤ ਕਰਨਾ ਹੋਵੇ ਉਸਦੇ ਬਾਲਕਾਂ ਨੂੰ ਹੀ ਉੱਨਤ ਕਰਨ ਵਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਕਿਸੇ ਭੀ ਤਰਾਂ ਦੀ (ਸ਼ਰੀਰਕ, ਮਾਨਸਿਕ, ਆਤਮਕ, ਧਾਰਮਕ, ਮਾਲੀ) ਉੱਨਤੀ ਪੱਕੀ ਤਦੇ ਹੀ ਹੋ ਸੱਕਦੀ ਹੈ ਜੇ ਉਸਦੇ ਮੁੱਢ ਵਿੱਚ ਸੱਚ, ਸੁੱਚ, ਮਿੱਠਤ ਆਦਿ (ਕਲਾ ਚਰਿਤ੍ਰ, ਸ਼ੁੱਧ ਆਚਰਨ, ਚੰਗਾ ਇਖ਼ਲਾਕ, ਗੁੱਡਕਰੈਕਟਰ(Good Character)ਹੋਵੇ। ਜਿੰਨਾਂ ਚਿਰ ਕੋਈ ਜੀਵ ਚਰਿਤ੍ਰ ਹੀਨ (ਭੈੜੇ ਚਲਨ ਦਾ) ਨਾਂ ਹੋਵੇ, ਉੱਨਾਂ ਚਿਰ ਓਸਨੂੰ ਕੋਈ ਹਾਨੀ ਕਮਜ਼ੋਰੀ ਬਰਬਾਦ ਨਹੀਂ ਕਰ ਸੱਕਦੀ ਭਾਵੇਂ ਓਹ ਰੰਕ ਹੋਵੇ ਜਾਂ ਰਾਜਾ, ਛੋਟਾ ਹੋਵੇ ਜਾਂ ਵੱਡਾ,ਇਆਣਾ ਹੋਵੇ ਜਾਂ ਸਿਆਣਾ। ਤੁਸੀਂ ਦੁਨੀਆਂ ਵਿੱਚ ਕਿਸੇ ਪਾਸੇ ਭੀ ਦੇਖੋ, ਕੀ ਸਰੀਰਕ ਦੁਖਾਂ ਵਿੱਚ, ਕੀ ਮਾਲੀ ਦੁੱਖਾਂ ਵਿੱਚ,ਕੀ ਦੁਨਿਆਵੀ ਤੇ ਕੀ ਦੀਨੀ ਦੁੱਖਾਂ ਵਿੱਚ ਫਾਥਿਆਂ ਵੱਲ ਨਜ਼ਰ ਮਾਰੋ,ਓਨ੍ਹਾਂ ਦੀ ਬਰਬਾਦੀ ਦਾ ਮੂਲ ਕਾਰਨ ਕਿਸੇ ਨ ਕਿਸੇ ਤਰਾਂ ਦੀ ਬਦ ਚਲਨੀ ਹੀ ਵੇਖੋਗੇ। ਜ਼ਰਾ ਰਾਜ ਗੱਦੀਆਂ ਤੋਂ ਵਾਂਜੇ ਹੋਏ ਜਾਂ ਵਾਂਜੇ ਜਾਣ ਜੋਗ ਰਾਜੇ ਮਹਾਰਾਜਿਆਂ ਦੇ ਚਰਿਤ੍ਰ ਹੀ ਫੋਲ ਵੇਖੋ ਤਾਂ ਚੰਗਾ ਪਤਾ ਲੱਗ ਸਕਦਾ ਹੈ। ਚਰਿਤ੍ਰਵਾਨ (ਚੰਗੇ ਚਾਲ ਚਲਨ ਵਾਲਾ) ਗਰੀਬ ਤੋਂ ਗਰੀਬ ਪੁਰਸ਼ ਭੀ ਦੇਸ਼ ਤੇ ਕੌਮ ਵਾਸਤੇ ਇੱਕ ਅਨਮੋਲ ਰਤਨ ਹੈ, ਤੇ ਗੰਦੇ ਚਰਿਤ੍ਰ ਵਾਲਾ (ਬਦਚਲਨ) ਵੱਡੇ ਤੋਂ ਵੱਡਾ ਪੁਰਸ਼ ਭੀ ਦੇਸ਼ ਤੇ ਕੌਮ ਵਾਸਤੇ ਕਲੰਕ ਸਮਝਿਆ ਜਾਂਦਾ ਹੈ, ਇਸਤੇ ਦੇਸ਼ ਜਾਂ ਕੌਮ ਨੂੰ ਹਰ ਤਰਾਂ ਦੀ ਸੁਦਸ਼ਾ ਵਿੱਚ ਵੇਖਣ ਜਾਂ ਕਰਨ ਵਾਸਤੇ ਸਭ ਤੋਂ ਵੱਡਾ ਸਾਧਨ ਸ਼ੁੱਧ ਆਚਰਨ ਹੀ ਹੈ।

ਜਿਸਤਰਾਂ ਨਰਮ ਕੂਲੀ ਲਰ (ਲਕੜੀ) ਨੂੰ ਜਿੱਧਰ ਜਿਸ ਤਰਾਂ ਚਾਹੋ ਫੇਰ ਸੱਕਦੇ ਹੋ, ਏਸੇ ਤਰਾਂ ਹੀ ਨਿਰਛਲ, ਨਿਰਵੈਰ, ਸਰਲ ਸੁਭਾ ਦੀ ਰੱਬੀ ਦਾਤ ਨਾਲ ਪੂਰੀ ਤਰਾਂ ਵਰੋਸਾਏ ਹੋਏ ਬਾਲਕਾਂ ਦੇ ਚਰਿਤ੍ਰ (ਸ਼ੁੱਧ ਆਚਰਨ) ਵੱਲ ਧਿਆਨ ਦੇਵਨ ਨਾਲ ਬੜੀ ਹੀ ਸਫਲਤਾ ਹੋ ਸੱਕਦੀ ਹੈ, ਅਤੇ ਏਨ੍ਹਾਂ ਬਾਲਕਾਂ ਨੇ ਹੀ ਸਿਆਣੇ ਹੋਕੇ ਦੇਸ਼ ਤੇ ਕੌਮ ਦੇ ਥੰਮ੍ਹ ਬਣਨਾ ਹੈ, ਇਸਤੇ ਦੇਸ਼ ਤੇ ਕੌਮ ਦੀ ਦਸ਼ਾ ਉੱਨਤ ਕਰਨ ਵਾਸਤੇ ਬਾਲਕਾਂਦੇ ਚਰਿਤ੍ਰ ਵਲ ਸਭਤੋਂ ਵਧ ਧਿਆਨ ਦੇਵਣ ਦੀ ਲੋੜ ਹੈ। ਦਾਸ ਵਲੋਂ 'ਸ੍ਰੀ ਦੇਸ਼ ਭਾਸ਼ਾ ਪਰਚਾਰਕ ਲੜੀ' ਦੇ ਪੁਸਤਕ ਪਰਕਾਸ਼ਤ ਕਰਨ ਵਿੱਚ ਅਕਸਰ ਏਸ਼ ਗੱਲ ਦਾ ਵਧੇਰੇ ਧਿਆਨ ਰੱਖਜਾ ਗਿਆ ਤੇ ਰੱਖਜਾ ਜਾਂਦਾ ਹੈ। ਇਸੇ ਵਿਚਾਰ ਅਨੁਸਾਰ ਅੱਜ ਕੱਲ ਹੀ ਏਸ ਲੜੀ ਵਿੱਚ ਛੋਟੇ ਛੋਟੇ ਚਾਰ ਪੁਸਤਕ ੧੬੧ ਬਾਲਕ,੧੬੨ ਪ੍ਰੇਮ ਸਹਿਤ ਸਿੱਖਜਾ, ੧੬੩ ਦੰਡ ਰਹਿਤ ਸਿਖਜਾ, ੧੬੪ ਮਾਪਿਆਂ ਦੇ ਫਰਜ਼ ਪ੍ਰਕਾਸ਼ਤ ਕੀਤੇ ਹਨ, ਜਿਨ੍ਹਾਂ ਤੋਂ ਆਸ ਤੋਂ ਵੱਧ ਸਫਲਤਾ ਹੋਈ ਹੈ। ਇਸੇ ਵਿਚਾਰ ਅਨੁਸਾਰ ਹੀ ਇਹ ਪੁਸਤਕ 'ਚਰਿਤ੍ਰ ਸਿੱਖਜਾ' 'ਬੱਚੋਂ ਕਾ ਚਰਿ ਗਠਨ' ਆਦਿ ਚਰਿਤ੍ਰ ਸੰਬੰਧੀ ਪੁਸਤਕਾਂ ਦੇ ਅਧਾਰ ਤੇ ਲਿਖੀ ਪਰਕਾਸ਼ਤ ਕੀਤੀ ਜਾਂਦੀ ਹੈ। ਇਹ ਪੁਸਤਕ ਦੇਸ਼ ਦਿਸ਼ਾਂਤਰਾਂ ਦੇ ਵਿਦਵਾਨਾਂ ਦੇ ਉਤਮ ਉਤਮ ਪੁਸਤਕਾਂ ਨੂੰ ਮਥਕੇ ਸੰਗਹਿ

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.